''ਪਿਉਰਿਟੀ ਦੀ ਰੂਹਾਨੀ ਪ੍ਰਸਨੈਲਿਟੀ ਦੀ ਸਮ੍ਰਿਤੀ ਸਵਰੂਪ ਦਵਾਰਾ ਮਾਇਆ ਜਿੱਤ ਬਣੋ''

ਅੱਜ ਸਨੇਹ ਦੇ ਸਾਗਰ ਬਾਪਦਾਦਾ ਚਾਰੋਂ ਪਾਸੇ ਦੇ ਸਰਵ ਸਨੇਹੀ ਬੱਚਿਆਂ ਨੂੰ ਦੇਖ ਰਹੇ ਹਨ। ਹਰ ਇੱਕ ਸਨੇਹੀ ਬੱਚਿਆਂ ਦੇ ਸੂਰਤ ਵਿੱਚ ਰੂਹਾਨੀ ਪ੍ਰਸਨੈਲਿਟੀ ਦੀ ਝਲਕ ਦੇਖ ਰਹੇ ਹਨ। ਬਾਹਰ ਦੇ ਰੂਪ ਵਿੱਚ ਤਾਂ ਸਾਧਰਨ ਪ੍ਰਸਨੈਲਿਟੀ ਵਾਲੇ ਹਨ ਪਰ ਰੂਹਾਨੀ ਪ੍ਰਸਨੈਲਿਟੀ ਵਿੱਚ ਸਭਤੋਂ ਨੰਬਰਵਨ ਹਨ। ਦੁਨੀਆਂ ਵਿੱਚ ਅਨੇਕ ਤਰ੍ਹਾਂ ਦੀ ਪਰਸਨੈਲਿਟੀਜ਼ ਗਾਈ ਜਾਂਦੀ ਹੈ। ਸ਼ਰੀਰ ਦੀ ਵੀ ਪਰਸਨੈਲਿਟੀ, ਕਿਸੇ ਵਿਸ਼ੇਸ਼ਤਾ ਦੀ ਵੀ ਪ੍ਰਸਨੈਲਿਟੀ ਅਤੇ ਕੋਈ ਵਿਸ਼ੇਸ਼ ਪ੍ਰਜੀਸ਼ਨ ਦੀ ਵੀ ਪਰਸਨੇਲਟੀ ਪਰ ਤੁਸੀਂ ਸਭ ਦੇ ਚੇਹਰੇ ਤੇ, ਚੱਲਣ ਵਿੱਚ ਕਿਹੜੀ ਪ੍ਰਸਨੈਲਿਟੀ ਹੈ? ਪਿਉਰਿਟੀ ਹੀ ਪ੍ਰਸਨੈਲਿਟੀ ਹੈ! ਜਿਨਾਂ - ਜਿਨਾਂ ਜੋ ਪਿਓਰ ਹੈ ਓਨੀ ਉਹਨਾਂ ਦੀ ਪ੍ਰਸਨੈਲਿਟੀ ਨਾ ਸਿਰਫ਼ ਦਿਖਾਈ ਦਿੰਦੀ ਹੈ ਪਰ ਅਨੁਭਵ ਹੁੰਦੀ ਹੈ। ਸਭ ਆਪਣੀ ਰੂਹਾਨੀ ਪ੍ਰਸਨੈਲਿਟੀ ਨੂੰ ਅਨੁਭਵ ਕਰਦੇ ਹੋ? ਤੁਹਾਡੇ ਵਰਗੀ ਪ੍ਰਸਨੈਲਿਟੀ ਸਤਿਯੁਗ ਤੋਂ ਹੁਣ ਤੱਕ ਕਿਸੇ ਦੀ ਹੈ? ਸਾਰੇ ਕਲਪ ਦਾ ਚੱਕਰ ਲਗਾਓ ਤਾਂ ਤੁਹਾਡੇ ਵਰਗੀ ਪ੍ਰਸਨੈਲਿਟੀ ਹੈ? ਨਹੀਂ ਹੈ ਨਾ! ਤਾਂ ਤੁਹਾਨੂੰ ਆਪਣੀ ਰੂਹਾਨੀ ਪ੍ਰਸਨੈਲਿਟੀ ਦਾ ਨਸ਼ਾ ਹੈ! ਅਨਾਦਿ ਕਾਲ ਵਿੱਚ ਵੀ ਤੁਸੀਂ ਵਿਸ਼ੇਸ਼ ਆਤਮਾਵਾਂ ਦੀ ਪ੍ਰਸਨੈਲਿਟੀ ਸਬਤੋਂ ਉੱਚੀ ਹੈ। ਭਾਵੇਂ ਆਤਮਾਵਾਂ ਸਭਦੀ ਚਮਕਦੀ ਹੋਈ ਜਯੋਤੀ ਹੈ ਪਰ ਤੁਸੀਂ ਰੂਹਾਨੀ ਪ੍ਰਸਨੈਲਿਟੀ ਵਾਲੀਆਂ ਆਤਮਾਵਾਂ ਦੀ ਚਮਕ ਹੋਰ ਸਭ ਆਤਮਾਵਾਂ ਤੋਂ ਨਿਆਰੀ ਅਤੇ ਪਿਆਰੀ ਹੈ। ਆਪਣੇ ਆਦਿ ਕਾਲ ਦੀ ਪ੍ਰਸਨੈਲਿਟੀ ਨੂੰ ਸਮ੍ਰਿਤੀ ਵਿੱਚ ਲਿਆਓ। ਆਈ ਸਮ੍ਰਿਤੀ ਵਿੱਚ? ਦੇਖ ਰਹੇ ਹੋ? ਬਾਪਦਾਦਾ ਦੇ ਨਾਲ - ਨਾਲ ਕਿਵੇਂ ਰੂਹਾਨੀ ਪ੍ਰਸਨੈਲਿਟੀ ਵਿੱਚ ਦਿਖਾਈ ਦੇ ਰਹੇ ਹਨ। ਆਪਣੇ ਆਪ ਦੇਖ ਸਕਦੇ ਹੋ? ਤਾਂ ਚਲੇ ਜਾਓ ਆਦਿ ਕਾਲ ਵਿੱਚ। ਕਿੰਨੇ ਟਾਇਮ ਵਿੱਚ ਜਾ ਸਕਦੇ ਹੋ? ਜਾਣ ਵਿੱਚ ਕਿੰਨਾ ਟਾਇਮ ਲੱਗੇਗਾ? ਸੈਕਿੰਡ ਤੋਂ ਘਟ ਨਾ! ਕਿ ਇੱਕ ਦਿਨ, ਇੱਕ ਘੰਟਾ ਚਾਹੀਦਾ ਹੈ? ਸੈਕਿੰਡ ਤੋਂ ਵੀ ਘੱਟ ਜਿੱਥੇ ਚਾਹੋ ਉੱਥੇ ਪਹੁੰਚ ਸਕਦੇ ਹੋ। ਤਾਂ ਅਨਾਦਿ ਕਾਲ ਦੀ ਆਪਣੀ ਪ੍ਰਸਨੈਲਿਟੀ ਦੇਖ ਲਈ? ਹੁਣ ਅਨਾਦਿ ਕਾਲ ਤੋਂ ਆਦਿ ਕਾਲ ਵਿੱਚ ਆ ਜਾਓ। ਆ ਗਏ ਜਾਂ ਹੁਣ ਚਲ ਰਹੇ ਹੋ? ਪਹੁੰਚ ਗਏ? ਤਾਂ ਅਨਾਦਿ ਕਾਲ ਤੋਂ ਆਦਿ ਕਾਲ ਵਿੱਚ ਆਪਣੀ ਰੂਹਾਨੀ ਪ੍ਰਸਨੈਲਿਟੀ ਦੇਖੋ - ਕਿੰਨੀ ਸ਼੍ਰੇਸ਼ਠ ਪ੍ਰਸਨੈਲਿਟੀ ਹੈ! ਤਨ ਦਾ ਵੀ ਅਤੇ ਮਨ ਦੀ ਵੀ ਤਾਂ ਧਨ ਦੀ ਵੀ ਅਤੇ ਸੰਬੰਧ ਦੀ ਵੀ। ਸਭ ਤਰ੍ਹਾਂ ਦੀ ਪ੍ਰਸਨੈਲਟੀ ਕਿੰਨੀ ਸ਼੍ਰੇਸ਼ਠ ਹੈ। ਤਾਂ ਆਦਿ ਕਾਲ ਦੀ ਪ੍ਰਸਨੈਲਿਟੀ ਦੇਖ ਰਹੇ ਹੋ? ਕਿੰਨੇ ਸੁੰਦਰ ਲੱਗਦੇ ਹੋ, ਕਿੰਨੇ ਸਜੇ ਹੋਏ ਹੋ, ਕਿੰਨੇ ਸੁਖ, ਸ਼ਾਂਤੀ, ਪ੍ਰੇਮ, ਅਨੰਦ ਸਵਰੂਪ ਹੋ ਤਾਂ ਆਦਿ ਕਾਲ ਵਿੱਚ ਵੀ ਆਪਣੀ ਪ੍ਰਸਨੈਲਿਟੀ ਨੂੰ ਦੇਖੋ। ਸਪਸ਼ਟ ਦਿਖਾਈ ਦਿੰਦੀ ਹੈ ਜਾਂ 5 ਹਜ਼ਾਰ ਵਰ੍ਹੇ ਹੋ ਗਏ ਤਾਂ ਥੋੜਾ ਸਪੱਸ਼ਟ ਨਹੀਂ ਹੈ? ਸਭ ਨੂੰ ਸਪੱਸ਼ਟ ਹੈ? ਹੁਸ਼ਿਆਰ ਹੋ ਸਭ। ਤਾਂ ਆਦਿ ਕਾਲ ਵੀ ਆਪਣਾ ਦੇਖ ਲਿਆ। ਹੁਣ ਆਓ ਮੱਧ ਕਾਲ ਵਿੱਚ ਵੀ ਤੁਹਾਡੀ ਪ੍ਰਸਨੈਲਿਟੀ ਕੀ ਰਹੀ? ਤੁਹਾਡੇ ਜੜ੍ਹ ਚਿੱਤਰ ਕਿੰਨੇ ਵਿਧੀਪੂਰਵਕ ਪੂਜੇ ਅਤੇ ਗਾਏ ਜਾਂਦੇ ਹਨ। ਭਾਵੇਂ ਕਿੰਨੇ ਵੀ ਧਰਮਾਤਮਾ, ਮਹਾਤਮਾ, ਨੇਤਾ ਪ੍ਰਸਨੈਲਿਟੀ ਵਾਲੇ ਗਾਏ ਜਾਂਦੇ ਹਨ ਪਰ ਤੁਹਾਡੇ ਜੜ੍ਹ ਚਿਤਰਾਂ ਦੀ ਪ੍ਰਸਨੈਲਿਟੀ ਦੇ ਅੱਗੇ ਉਹਨਾਂ ਦੀ ਪ੍ਰਸਨੈਲਿਟੀ ਕੁਝ ਵੀ ਨਹੀਂ ਹੈ। ਜਿਵੇਂ ਤੁਹਾਡੀ ਸਭ ਦੀ ਪੂਜਾ ਹੁੰਦੀ ਹੈ ਉਵੇਂ ਮਹਾਤਮਾ ਜਾਂ ਨੇਤਾ ਦੀ, ਧਰਮ ਆਤਮਾ ਦੀ ਵਿਧੀਪੂਰਵਕ ਪੂਜਾ ਹੁੰਦੀ ਹੈ? ਕਦੀ ਦੇਖੀ ਹੈ? ਤੁਹਾਡੇ ਜੜ੍ਹ ਚਿਤਰਾਂ ਦਾ ਸ਼ਿੰਗਾਰ ਕਿਵੇਂ ਹੁੰਦਾ ਹੈ? ਤਾਂ ਮੱਧ ਕਾਲ ਵਿੱਚ ਵੀ ਤੁਸੀਂ ਆਤਮਾਵਾਂ ਦੇ ਪਿਉਰਿਟੀ ਦੀ ਪ੍ਰਸਨੈਲਿਟੀ ਦੀ ਵਿਸ਼ੇਸ਼ਤਾ ਕਿੰਨੀ ਸ਼੍ਰੇਸ਼ਠ ਹੈ! ਆਪਣਾ ਚਿੱਤਰ ਦੇਖਿਆ? ਤੁਹਾਡੀ ਪੂਜਾ ਹੁੰਦੀ ਹੈ ਕਿ ਨਹੀਂ? ਸਿਰਫ਼ ਵੱਡੇ - ਵੱਡਿਆਂ ਦੀ ਹੁੰਦੀ ਹੈ, ਸਾਡੀ ਨਹੀਂ! ਡਬਲ ਵਿਦੇਸ਼ੀਆਂ ਦੇ ਮੰਦਿਰ ਹਨ? ਦੇਖਿਆ ਹੈ, ਉਸ ਵਿਚ ਤੁਹਾਡਾ ਚਿੱਤਰ ਹੈ? ਕੀ ਸੁਣਿਆ ਹੈ ਤਾਂ ਕਹਿੰਦੇ ਹੋ ਕਿ ਹਾਂ ਹੋਣਗੇ! ਸਮ੍ਰਿਤੀ ਵਿੱਚ ਹੈ? ਤਾਂ ਮੱਧ ਕਾਲ ਵੀ ਤੁਹਾਡਾ ਅਤਿ ਸ਼੍ਰੇਸ਼ਠ ਹੈ ਅਤੇ ਹੁਣ ਲਾਸ੍ਟ ਜਨਮ ਵਿੱਚ ਵੀ ਜੋ ਮਰਜੀਵਾ ਬ੍ਰਾਹਮਣ ਜਨਮ ਹੈ ਉਸਦੀ ਪ੍ਰਸਨੈਲਿਟੀ ਦੇਖੋ ਕਿੰਨੀ ਵੱਡੀ ਹੈ! ਗਾਇਨ ਕਿੰਨਾ ਹੈ - ਕੋਈ ਵੀ ਸ਼੍ਰੇਸ਼ਠ ਕੰਮ ਹੁਣ ਤੱਕ ਵੀ ਤੁਹਾਡੇ ਨਾਮਧਾਰੀ ਬ੍ਰਾਹਮਣ ਹੀ ਕਰਦੇ ਹਨ। ਭਾਵੇਂ ਬ੍ਰਾਹਮਣ ਹੁਣ ਬ੍ਰਹਾਮਣ ਰਹੇ ਨਹੀਂ ਹਨ ਪਰ ਨਾਮ ਦੇ ਤਾਂ ਬ੍ਰਾਹਮਣ ਹਨ ਨਾ! ਤੁਹਾਡੇ ਨਾਮ ਤੋਂ ਤੁਹਾਡੀ ਪ੍ਰਸਨੈਲਿਟੀ ਦੇ ਕਾਰਣ ਉਹ ਵੀ ਸ਼੍ਰੇਸ਼ਠ ਗਾਏ ਜਾਂਦੇ ਹਨ। ਤਾਂ ਬ੍ਰਾਹਮਣ ਜਨਮ ਦੀ ਪ੍ਰਸਨੈਲਿਟੀ ਕਿੰਨੀ ਸ਼੍ਰੇਸ਼ਠ ਹੈ! ਆਦਿ ਕਾਲ, ਅਨਾਦਿ ਕਾਲ, ਮੱਧ ਕਾਲ ਅਤੇ ਹੁਣ ਅੰਤ ਕਾਲ - ਸਾਰੇ ਕਲਪ ਵਿੱਚ ਤੁਹਾਡੀ ਪ੍ਰਸਨੈਲਿਟੀ ਸਦਾ ਹੀ ਮਹਾਨ ਰਹੀ ਹੈ।

ਲੌਕਿਕ ਪ੍ਰਸਨੈਲਿਟੀ ਵਾਲੇ ਦਾ ਜੇਕਰ ਨਾਮ ਵੀ ਆਉਂਦਾ ਹੈ ਤਾਂ ਕੋਈ ਵਿਸ਼ੇਸ਼ ਬੁੱਕ ਵਿੱਚ ਉਹਨਾਂ ਦਾ ਨਾਮ ਆਉਂਦਾ ਹੈ - ਫਲਾਣੇ-ਫਲਾਣੇ ਹਨ। ਪਰ ਤੁਹਾਡਾ ਨਾਮ ਕਿਸ ਵਿੱਚ ਆਉਂਦਾ ਹੈ? ਸਧਾਰਨ ਬੁੱਕ ਵਿੱਚ ਨਹੀਂ ਆਉਂਦਾ ਹੈ, ਸ਼ਾਸ਼ਤਰਾਂ ਵਿੱਚ ਆਉਂਦਾ ਹੈ। ਜੋ ਵੀ ਆਦਿ ਕਾਲ ਤੋਂ ਸ਼ਾਸਤਰ ਬਣੇ ਉਸ ਵਿੱਚ ਕਿਸਦੇ ਚਰਿਤਰ ਹਨ? ਕਿਸਦਾ ਗਾਇਨ ਹੈ? ਕਿਸਦੀ ਕਹਾਣੀਆਂ ਹਨ? ਤਾਂ ਲੌਕਿਕ ਪ੍ਰਸਨੈਲਿਟੀ ਵਾਲਿਆਂ ਦਾ ਗਾਇਨ ਵਿਸੇਸ਼ ਬੁੱਕ ਵਿੱਚ ਹੁੰਦਾ ਹੈ ਅਤੇ ਤੁਹਾਡਾ ਗਾਇਨ ਸ਼ਾਸ਼ਤਰਾਂ ਵਿੱਚ ਹੁੰਦਾ ਹੈ ਅਤੇ ਸ਼ਾਸ਼ਤਰਾਂ ਨੂੰ ਕਿੰਨਾ ਰਿਗਾਰ੍ਡ ਦਿੰਦੇ ਹਨ। ਬੜੇ ਵਿਧੀਪੂਰਵਕ ਸ਼ਾਸਤਰਾਂ ਨੂੰ ਸੰਭਾਲਦੇ ਹਨ, ਉਨ੍ਹਾਂ ਨੂੰ ਵੀ ਬੜੇ ਪੂਜਯ ਦੇ ਰੂਪ ਵਿੱਚ ਦੇਖਦੇ ਹਨ। ਜੋ ਸੱਚੇ ਭਗਤ ਹਨ ਉਹ ਸ਼ਾਸਤਰ ਵਿਧੀਪੂਰਵਕ ਰੱਖਦੇ ਵੀ ਹਨ ਅਤੇ ਪੜ੍ਹਦੇ ਵੀ ਹਨ। ਇਵੇਂ ਦੇ ਰਿਵਾਜੀ ਕਿਤਾਬਾਂ ਦੇ ਮੁਆਫਿਕ ਨਹੀਂ ਰੱਖਦੇ। ਤਾਂ ਆਪਣੀ ਪਵਿੱਤਰਤਾ ਦੀ ਪ੍ਰਸਨੈਲਿਟੀ ਨੂੰ ਸਦਾ ਹੀ ਇਮਰਜ਼ ਸਮ੍ਰਿਤੀ ਵਿੱਚ ਰੱਖੋ। ਜਾਣਦੇ ਹੋ … ਜਾਂ ਹਾਂ ਤਾਂ ਅਸੀਂ ਹੀ…ਇਵੇਂ ਮਰਜ ਨਹੀਂ। ਸਮ੍ਰਿਤੀ ਸਵਰੂਪ ਵਿੱਚ ਰੱਖੋ। ਜਿਸਦੀ ਬੁਧੀ ਵਿੱਚ ਇਹ ਇਮਰਜ ਰੂਪ ਵਿੱਚ ਸਮ੍ਰਿਤੀ ਰਹਿੰਦੀ ਹੈ

ਤਾਂ ਸਮ੍ਰਿਤੀ ਹੀ ਸਮਰਥੀ ਦਾ ਆਧਾਰ ਹੈ। ਅਤੇ ਜਿੱਥੇ ਸਮਰਥੀ ਹੈ ਉੱਥੇ ਮਾਇਆ ਆ ਕਿਵੇਂ ਸਕਦੀ ਹੈ? ਸਮਰਥ ਆਤਮਾ ਦੇ ਕੋਲ ਮਾਇਆ ਦਾ ਆਉਣਾ ਅਸੰਭਵ ਹੈ। ਮਿਹਨਤ ਕਰਨ ਦੀ ਜਰੂਰਤ ਨਹੀਂ। ਮਾਇਆ ਦਾ ਕੰਮ ਹੈ ਆਉਣਾ ਪਰ ਤੁਹਾਡਾ ਕੰਮ ਸਮੇਂ ਪ੍ਰਮਾਣ ਭੱਜਣਾ ਨਹੀਂ ਹੈ। ਮਾਇਆ ਆਈ ਅਤੇ ਭਜਾਇਆ। ਨਹੀਂ, ਤੁਹਾਡਾ ਕੰਮ ਹੈ ਸਦਾ ਮਾਇਆਜਿੱਤ ਰਹਿਣਾ। ਤਾਂ ਮਾਇਆਜਿੱਤ ਹੋ ਜਾਂ ਮਾਇਆ ਨੂੰ ਬਾਰ - ਬਾਰ ਭਜਾਉਣ ਵਾਲੇ ਹੋ? ਹਾਲੇ ਭੱਜਣਾ ਪੈਂਦਾ ਹੈ, ਥੋੜਾ -ਥੋੜਾ ਉਹ ਦਰਸ਼ਨ ਦੇਣ ਦੇ ਲਈ ਆ ਜਾਂਦੀ ਹੈ! ਨਹੀਂ ਨਾ! ਡਬਲ ਫੋਰਨਰਸ ਨੇ ਮਾਇਆ ਨੂੰ ਸਦਾ ਦੇ ਲਈ ਭਜਾ ਦਿਤਾ? ਜਾਂ ਭਜਾਉਂਦੇ ਹੀ ਰਹਿੰਦੇ ਹਨ? ਕੀ ਹਾਲ ਹੈ? ਮਾਇਆ ਸਦਾ ਦੇ ਲਈ ਭੱਜ ਗਈ? ਹੁਣ ਨਹੀਂ ਆਏਗੀ ਨਾ? ਕਿ ਥੋੜ੍ਹਾ - ਥੋੜ੍ਹਾ ਆਏ ਕੋਈ ਹਰਜਾ ਨਹੀਂ? ਫਿਰ ਵੀ ਅੱਧਾਕਲਪ ਦੀ ਦੋਸਤੀ ਹੈ, ਫਰੈਂਡ ਹੈ ਨਾ! ਉਸਨੂੰ ਨੂੰ ਇਵੇਂ ਹੀ ਛੱਡ ਦਵੋਗੇ, ਆਏ ਹੀ ਨਹੀਂ! ਸੁਣਾਇਆ ਨਾ ਕਿ ਮਾਇਆ ਸਮਾਪਤ ਹੋਣ ਦੇ ਪਹਿਲੇ ਬਹੁਤ ਕਾਲ ਦਾ ਮਾਇਆਜਿੱਤ ਬਣਨ ਦਾ ਅਭਿਆਸ ਕਰਨਾ ਚਾਹੀਦਾ ਹੈ। ਅੰਤ ਵਿੱਚ ਨਹੀਂ ਹੋ ਸਕੇਗਾ। ਜੇਕਰ ਅੰਤ ਵਿੱਚ ਮਾਇਆ ਜਿੱਤ ਬਣਨ ਦਾ ਪੁਰਸ਼ਾਰਥ ਵੀ ਕਰਨਗੇ ਤਾਂ ਕੀ ਹਾਲ ਹੋਵੇਗਾ? ਬਾਪਦਾਦਾ ਤੋਤੇ ਦੀ ਕਹਾਣੀ ਸੁਣਾਉਂਦੇ ਹਨ ਨਾ ਕਿ ਤੋਤੇ ਨੂੰ ਕਿਹਾ ਨਲਕੇ ਤੇ ਨਹੀਂ ਬੈਠਣਾ, ਪਰ ਨਲਕੇ ਤੇ ਬੈਠ ਕੇ ਹੀ ਬੋਲ ਰਿਹਾ ਸੀ। ਇਵੇਂ ਹੀ ਅੰਤ ਕਾਲ ਵਿੱਚ ਜੇਕਰ ਬਹੁਤ ਕਾਲ ਦਾ ਅਭਿਆਸ ਨਹੀਂ ਹੋਵੇਗਾ ਤਾਂ ਮਨ ਵਿੱਚ ਸੋਚਦੇ ਰਹਿਣਗੇ ਕਿ ਮੈਂ ਆਤਮਾ ਹਾਂ, ਮੈਂ ਆਤਮਾ ਹਾਂ, ਪਰ ਮਾਇਆ ਦਾ ਪ੍ਰਭਾਵ ਵੀ ਹੁੰਦਾ ਰਹੇਗਾ, ਅਤੇ ਕੋਸ਼ਿਸ਼ ਵੀ ਕਰਨਗੇ ਮੈਂ ਆਤਮਾ ਹਾਂ, ਮੈਂ ਆਤਮਾ ਹਾਂ ਪਰ ਹੋਵੇਗਾ ਨਹੀਂ। ਇਸਲਈ ਕੀ ਕਰਨਾ ਹੈ? ਹੁਣ ਤੋਂ ਹੀ ਮਾਇਆ ਜਿੱਤ ਬਣਨ ਦਾ ਅਭਿਆਸ ਕਰੋ। ਅਤੇ ਉਸਦਾ ਸਹਿਜ ਸਾਧਨ ਹੈ ਆਪਣੀ ਰੂਹਾਨੀ ਪ੍ਰਸਨੈਲਿਟੀ ਨੂੰ ਸਮ੍ਰਿਤੀ ਸਵਰੂਪ ਵਿੱਚ ਰੱਖੋ। ਪ੍ਰਸਨੈਲਿਟੀ ਵਾਲੇ ਦੀ ਨਿਸ਼ਾਨੀ ਕੀ ਹੁੰਦੀ ਹੈ? ਤਾਂ ਉੱਚੀ ਪ੍ਰਸਨੈਲਿਟੀ ਵਾਲੇ ਹੁੰਦੇ ਹਨ ਉਹਨਾਂ ਦੀ ਕੀਤੇ ਵੀ, ਕਿਸੇ ਦੇ ਵਿੱਚ ਵੀ ਅੱਖ ਨਹੀਂ ਜਾਏਗੀ। ਇਹ ਇਵੇਂ ਹੈ, ਇਹ ਇਵੇਂ ਕਰਦਾ, ਇਹ ਇਵੇਂ ਕਰਦਾ, ਇਹ ਇਵੇਂ ਕਰਦੀ, ਮੈਂ ਕਿਉਂ ਨਹੀਂ ਕਰਾਂ, ਮੈਂ ਕਿਉਂ ਨਹੀਂ ਕਰ ਸਕਦੀ ਹਾਂ/ਕਰ ਸਕਦਾ ਹਾਂ ...ਦੂਸਰੇ ਦੀ ਪ੍ਰਾਪਤੀ ਵਿੱਚ ਅੱਖ ਨਹੀਂ ਜਾਏਗੀ। ਕਿਉਂ? ਰੂਹਾਨੀ ਪ੍ਰਸਨੈਲਿਟੀ ਵਾਲਾ ਸਰਵ ਪ੍ਰਾਪਤੀਆਂ ਨਾਲ ਸੰਪੰਨ ਹੈ। ਸੁਭਾਅ ਵਿੱਚ ਵੀ ਸੰਪੰਨ, ਸੰਸਕਾਰ ਵਿੱਚ ਵੀ ਸਪਣ ਅਤੇ ਸੰਬੰਧ - ਸੰਪਰਕ ਵਿਚ ਵੀ ਸੰਪੰਨ, ਭਰਪੂਰ। ਉਹ ਕਦੇ ਆਪਣੇ ਪ੍ਰਾਪਤੀਆਂ ਦੇ ਭੰਡਾਰ ਵਿੱਚ ਕੋਈ ਅਪ੍ਰਾਪਤੀ ਅਨੁਭਵ ਹੀ ਨਹੀਂ ਕਰੇਗਾ। ਕਿਉਂ? ਰੂਹਾਨੀ ਪ੍ਰਸਨੈਲਿਟੀ ਦੇ ਕਾਰਨ ਉਹ ਸਦਾ ਹੀ ਮਨ ਤੋਂ ਭਰਪੂਰ ਹੋਣ ਦੇ ਕਾਰਣ ਸੰਤੁਸ਼ਟ ਰਹਿੰਦਾ ਹੈ। ਅੱਖ ਦੂਸਰੇ ਦੀ ਪ੍ਰਾਪਤੀ ਵਿੱਚ ਉਦੋਂ ਜਾਂਦੀ ਹੈ ਜਦੋਂ ਆਪਣੇ ਵਿੱਚ ਅਪ੍ਰਾਪਤੀ ਨੂੰ ਅਨੁਭਵ ਕਰਦੇ ਹੋ। ਤਾਂ ਕੋਈ ਅਪ੍ਰਾਪਤੀ ਹੈ ਕੀ? ਗੀਤ ਕੀ ਗਾਉਂਦੇ ਹੋ – ਅਪ੍ਰਾਪ੍ਤ ਨਹੀਂ ਕੋਈ ਵਸਤੂ ਬ੍ਰਾਹਮਣਾਂ ਦੇ ਖਜ਼ਾਨੇ ਨਹੀਂ। ਇਹ ਗੀਤ ਮੂੰਹ ਨਾਲ ਨਹੀਂ, ਮਨ ਨਾਲ ਗਾਉਂਦੇ ਹੋ ਨਾ? ਜੋ ਗਾਉਂਦੇ ਹਨ ਉਹ ਹੱਥ ਉਠਾਓ। ਅੱਛਾ ਡਬਲ ਵਿਦੇਸ਼ੀ ਵੀ ਗੀਤ ਗਾਉਂਦੇ ਹੋ? ਅੱਛਾ!

ਬਾਪਦਾਦਾ ਅੱਜ ਚਾਰੋਂ ਪਾਸੇ ਦੇ ਬੱਚਿਆਂ ਦੀ ਪ੍ਰਸਨੈਲਿਟੀ ਚੈਕ ਕਰ ਰਹੇ ਸੀ। ਪਿਉਰਿਟੀ ਦੀ ਪਰਿਭਾਸ਼ਾ ਨੂੰ ਵੀ ਚੰਗੀ ਤਰ੍ਹਾਂ ਜਾਣਦੇ ਹੋ। ਪਿਉਰਿਟੀ ਸਿਰਫ਼ ਬ੍ਰਹਮਚਾਰਯ ਵਰਤ ਵਿੱਚ ਨਹੀਂ ਤਾਂ ਅੱਜਕਲ ਦੇ ਸਰਕਮਸਟਾਂਸ ਅਨੁਸਾਰ ਕਈ ਅਗਿਆਨੀ ਵੀ ਰਹਿੰਦੇ ਹਨ। ਗਿਆਨ ਨਾਲ ਨਹੀਂ ਪਰ ਹਾਲਾਤਾਂ ਨੂੰ ਦੇਖਕੇ। ਕਈ ਭਗਤ ਵੀ ਰਹਿੰਦੇ ਹਨ। ਉਹ ਕੋਈ ਵੱਡੀ ਗੱਲ ਨਹੀਂ। ਪਰ ਪਿਉਰਿਟੀ ਨੂੰ ਸਾਰੇ ਦਿਨ ਵਿੱਚ ਚੈਕ ਕਰੋ - ਪਵਿੱਤਰਤਾ ਦੀ ਨਿਸ਼ਾਨੀ ਹੈ ਸਵੱਛਤਾ, ਸਤਿਯਤਾ। ਜੇਕਰ ਸਾਰੇ ਦਿਨ ਵਿੱਚ ਚਾਹੇ ਉੱਠਣ ਵਿੱਚ, ਚਾਹੇ ਬੈਠਣ ਵਿੱਚ, ਚਾਹੇ ਬੋਲਣ ਵਿੱਚ, ਚਾਹੇ ਸੇਵਾ ਕਰਨ ਵਿੱਚ, ਚਾਹੇ ਸਥੂਲ ਸੇਵਾ ਕੀਤੀ ਜਾਂ ਸੂਕ੍ਸ਼੍ਮ ਸੇਵਾ ਕੀਤੀ ਪਰ ਜੇਕਰ ਵਿਧੀਪੂਰਵਕ ਨਹੀਂ ਕੀਤੀ, ਵਿਧੀ ਵਿੱਚ ਵੀ ਜੇਕਰ ਜਰਾ - ਜਿਹਾ ਵੀ ਅੰਤਰ ਰਹਿ ਗਿਆ ਤਾਂ ਉਹ ਵੀ ਸਵੱਛਤਾ ਅਤੇ ਪਵਿੱਤਰਤਾ ਨਹੀਂ। ਵਿਅਰਥ ਸੰਕਲਪ ਵੀ ਅਪਵਿਤ੍ਰਤਾ ਹੈ। ਕਿਉਂ? ਤੁਸੀਂ ਸੋਚੋਂਗੇ ਕਿ ਅਸੀਂ ਤੇ ਪਾਪ ਤੇ ਕੀਤਾ ਹੀ ਨਹੀਂ, ਕਿਸੇ ਨੂੰ ਦੁੱਖ ਤੇ ਦਿੱਤਾ ਨਹੀਂ ਪਰ ਜੇਕਰ ਵਿਅਰਥ ਚੱਲਿਆ, ਸਮਾਂ ਗਿਆ, ਸੰਕਲਪ ਗਿਆ , ਸੰਤੁਸ਼ਟਤਾ ਗਈ ਤਾਂ ਤੁਹਾਡੀ ਪਵਿੱਤਰਤਾ ਦੀ ਫਾਈਨਲ ਸਟੇਜ ਦੇ ਡਿਗਰੀ ਵਿੱਚ ਫ਼ਰਕ ਪੈ ਜਾਏਗਾ। 16 ਕਲਾ ਨਹੀਂ ਬਣ ਸਕੋਂਗੇ। 15 ਕਲਾ, 14 ਕਲਾ, ਸਾਢੇ ਪੰਦ੍ਰਾ ਕਲਾ ... ਨਬਰਵਨ ਹੋ ਜਾਏਗਾ। ਤਾਂ ਪਵਿੱਤਰਤਾ ਸਿਰਫ਼ ਕਿਸੇਨੂੰ ਦੁੱਖ ਦੇਣ ਜਾਂ ਪਾਪ ਕਰਮ ਕਰਨਾ ਨਹੀਂ ਹੈ ਪਰ ਖੁਦ ਵਿੱਚ ਸਤਿਯਤਾ, ਸਵਛਤਾ ਵਿਧੀਪੂਰਵਕ ਅਨੁਭਵ ਕਰਦੇ ਹੋ ਤਾਂ ਪਵਿੱਤਰ ਹੋ। ਨਿਕਲ ਗਿਆ, ਬੋਲਣਾ ਨਹੀਂ ਸੀ ਪਰ ਬੋਲ ਲਿਆ, ਤਾਂ ਇਸਨੂੰ ਕੀ ਕਹੋਗੇ? ਮਾਲਿਕ ਹਨ? ਇਸਲਈ ਅੰਮ੍ਰਿਤਵੇਲੇ ਤੋਂ ਲੈਕੇ ਰਾਤ ਤੱਕ ਆਪਣੇ ਸੰਕਲਪ, ਬੋਲ, ਕਰਮ, ਸੇਵਾ ਸਭ ਨੂੰ ਚੈਕ ਕਰੋ। ਮੋਟੇ ਰੂਪ ਨਾਲ ਨਹੀਂ ਚੈਕ ਕਰੋ। ਜੇਕਰ ਮੋਟੇ ਰੂਪ ਨਾਲ ਚੈਕ ਕਰੋਂਗੇ ਤਾਂ ਦੇਖੋ ਚੰਦਰਵੰਸ਼ੀ ਨੂੰ ਮੋਟੀ ਨਿਸ਼ਾਨੀ ਤੀਰ - ਕਮਾਨ ਦਿੱਤਾ ਹੈ ਅਤੇ ਸੂਰਜਵੰਸ਼ੀ ਨੂੰ ਕਿੰਨੀ ਛੋਟੀ - ਜਿਹੀ ਮੁਰਲੀ ਦੇ ਦਿੱਤੀ ਹੈ। ਮੁਰਲੀ ਕਿੰਨੀ ਹਲਕੀ ਹੈ! ਅਤੇ ਤੀਰ ਕਮਾਨ ਕਿੰਨਾ ਮਿਹਨਤ ਦਾ ਹੈ। ਪਹਿਲੇ ਤਾਂ ਨਿਸ਼ਾਨਾ ਲਗਾਉਂਦੇ ਰਹੋ, ਦੂਸਰਾ ਬੋਝ ਉਠਾਉਂਦੇ ਰਹੋ! ਅਤੇ ਮਰੁਲੀ ਦੇਖੋ - ਨੱਚੋ, ਗਾਓ, ਹਸੋ, ਖੇਡੋ। ਤਾਂ ਇਸਲਈ ਮੋਟੇ - ਮੋਟੇ ਰੂਪ ਨਾਲ ਪੁਰਸ਼ਾਰਥ ਨਾ ਰੱਖੋ, ਨਾ ਚੈਕਿੰਗ ਰੱਖੋ। ਹੁਣ ਮਹੀਨ ਬੁੱਧੀ ਬਣੋ ਕਿਉਂਕਿ ਸਮਾਂ ਸਮਾਪਤ ਅਚਾਨਕ ਹੋਣਾ ਹੈ, ਦੱਸਕੇ ਨਹੀਂ ਹੋਣਾ ਹੈ। ਬਾਪਦਾਦਾ ਨੇ ਤੇ ਪਹਿਲੇ ਹੀ ਕਹਿ ਦਿੱਤਾ ਹੈ ਕਿ ਕੋਈ ਉਲਾਹਣਾ ਨਹੀਂ ਦੇਣਾ - ਬਾਬਾ, ਤੁਸੀਂ ਦੱਸਿਆ ਕਿਉਂ ਨਹੀਂ? ਬਾਪ ਕਦੀ ਵੀ ਟਾਇਮ ਕਾਂਸੇਸ ਨਹੀਂ ਦੱਸਣਗੇ। ਹਾਲੇ ਪੂਰਾ ਡਾਇਮੰਡ ਬਣਨਾ ਹੈ ਨਾ! ਇਹ ਵਾਇਦਾ ਕੀਤਾ ਹੈ ਨਾ? ਡਾਇਮੰਡ ਜੁਬਲੀ ਮਨਾਉਣੀ ਹੈ ਜਾਂ ਡਾਇਮੰਡ ਬਣਨਾ ਹੈ? ਕੀ ਕਰਨਾ ਹੈ? ਬਣਨਾ ਵੀ ਹੈ ਅਤੇ ਮਨਾਉਣਾ ਵੀ ਹੈ। ਦੋਵੇਂ ਨਾਲ - ਨਾਲ ਕਰਨਾ ਹੈ। ਤਾਂ ਬਾਪਦਾਦਾ ਅਗਲੇ ਵਰ੍ਹੇ ਵਿੱਚ ਚੈਕ ਕਰਨਗੇ - ਵਾਇਦਾ ਨਿਭਾਇਆ ਜਾਂ ਸਿਰਫ਼ ਮੂੰਹ ਮਿੱਠਾ ਕੀਤਾ? ਤਾਂ ਕੌਣ ਹੋ? ਸਿਰਫ਼ ਬੋਲਣ ਵਾਲੇ ਹੋ ਜਾਂ ਨਿਭਾਉਣ ਵਾਲੇ ਹੋ? ਅੱਛਾ! ਟੀ. ਵੀ. ਵਿੱਚ ਤੁਸੀਂ ਸਭਦਾ ਫੋਟੋ ਆ ਰਿਹਾ ਹੈ, ਫਿਰ ਬਦਲ ਨਹੀਂ ਜਾਣਾ - ਮੈਂ ਸੀ ਹੀ ਨਹੀਂ, ਮੈਂ ਨਹੀਂ ਕੀਤਾ ਸੀ! ਬਣਨਾ ਤਾਂ ਚੰਗਾ ਹੈ ਨਾ, ਤਾਂ ਜੋ ਚੰਗੀ ਗੱਲ ਹੈ ਉਸਨੂੰ ਜਲਦੀ ਕਰਨਾ ਚਾਹੀਦਾ ਜਾਂ ਦੇਰੀ ਨਾਲ? ਜਲਦੀ ਕਰਨਾ

ਚਾਹੀਦਾ ਹੈ ਨਾ!

ਸੈਕਿੰਡ ਵਿੱਚ ਏਵਰਰੈਡੀ ਬਣ ਸਕਦੇ ਹੋ? ਸੈਕਿੰਡ ਵਿੱਚ ਅਸ਼ਰੀਰੀ ਬਣ ਸਕਦੇ ਹੋ? ਕਿ ਯੁੱਧ ਕਰਨੀ ਪਵੇਗੀ ਕਿ ਨਹੀਂ, ਮੈਂ ਸ਼ਰੀਰ ਨਹੀਂ ਹਾਂ, ਮੈਂ ਸ਼ਰੀਰ ਨਹੀਂ ਹੈ ...ਇਵੇਂ ਤੇ ਨਹੀਂ ਨਾ! ਸੋਚਿਆ ਅਤੇ ਹੋਇਆ। ਸੋਚਣਾ ਅਤੇ ਸਥਿਤ ਹੋਣਾ। (ਬਾਪਦਾਦਾ ਨੇ ਕੁਝ ਮਿੰਟਾਂ ਤੱਕ ਡਰਿੱਲ ਕਰਾਈ) ਚੰਗਾ ਲੱਗਦਾ ਹੈ ਨਾ! ਤਾਂ ਸਾਰੇ ਦਿਨ ਵਿੱਚ ਵਿੱਚ - ਵਿੱਚ ਇਹ ਅਭਿਆਸ ਕਰੋ। ਕਿੰਨੇ ਵੀ ਬੀਜ਼ੀ ਹੋਵੋ ਪਰ ਵਿੱਚ - ਵਿੱਚ ਇੱਕ ਸੈਕਿੰਡ ਵੀ ਅਸ਼ਰੀਰੀ ਹੋਣ ਦਾ ਅਭਿਆਸ ਕਰੋ। ਇਸਦੇ ਲਈ ਕੋਈ ਨਹੀਂ ਕਹਿ ਸਕਦਾ - ਮੈਂ ਬਿਜ਼ੀ ਹਾਂ। ਇੱਕ ਸੈਕਿੰਡ ਨਿਕਾਲਣਾ ਹੀ ਹੈ, ਅਭਿਆਸ ਕਰਨਾ ਹੀ ਹੈ। ਜੇਕਰ ਕਿਸੇ ਨਾਲ ਗੱਲਾਂ ਵੀ ਕਰ ਰਹੇ ਹੋ, ਤਾਂ ਉਹਨਾਂ ਨੂੰ ਵੀ ਇੱਕ ਸੈਕਿੰਡ ਇਹ ਡ੍ਰਿਲ ਕਰਾਓ, ਕਿਉਂਕਿ ਸਮੇਂ ਪ੍ਰਮਾਣ ਇਹ ਅਸ਼ੀਰੀਪਨ ਦਾ ਅਨੁਭਵ, ਇਹ ਅਭਿਆਸ ਜਿਸਨੂੰ ਜ਼ਿਆਦਾ ਹੋਵੇਗਾ ਉਹ ਨੰਬਰ ਅੱਗੇ ਲੈ ਲਵੇਗਾ ਕਿਉਂਕਿ ਸੁਣਾਇਆ ਹੈ ਕਿ ਸਮੇਂ ਸਮਾਪਤ ਅਚਾਨਕ ਹੋਣਾ ਹੈ। ਅਸ਼ੀਰਰੀ ਹੋਣ ਦਾ ਅਭਿਆਸ ਹੋਵੇਗਾ ਤਾਂ ਫੋਰਨ ਹੀ ਸਮੇਂ ਦੀ ਸਮਾਪਤੀ ਦਾ ਵਾਈਬ੍ਰੇਸ਼ਨ ਆਏਗਾ ਇਸਲਈ ਹੁਣ ਤੋਂ ਹੀ ਅਭਿਆਸ ਵਧਾਓ। ਇਵੇਂ ਨਹੀਂ, ਅਗਲੇ ਸਾਲ ਵਿੱਚ ਡਾਇਮੰਡ ਜੁਬਲੀ ਹੈ ਤਾਂ ਹੁਣ ਨਹੀਂ ਕਰਨਾ ਹੈ, ਪਿੱਛੇ ਕਰਨਾ ਹੈ। ਜਿਨਾਂ ਬਹੁਤ ਕਾਲ ਏਡ ਕਰੋਂਗੇ ਓਨਾ ਰਾਜ - ਭਾਗ ਦੀ ਪ੍ਰਾਪਤੀ ਵਿੱਚ ਵੀ ਨੰਬਰ ਅੱਗੇ ਲਵੋਗੇ। ਜੇਕਰ ਵਿੱਚ - ਵਿੱਚ ਇਹ ਅਭਿਆਸ ਕਰੋਂਗੇ ਤਾਂ ਖੁਦ ਹੀ ਸ਼ਕਤੀਸ਼ਾਲੀ ਸਥਿਤੀ ਸਹਿਜ ਅਨੁਭਵ ਕਰਨਗੇ। ਇਹਨਾਂ ਛੋਟੀਆਂ - ਛੋਟੀਆਂ ਗੱਲਾਂ ਵਿੱਚ ਵੀ ਪੁਰਸ਼ਾਰਥ ਕਰਨਾ ਪੈਂਦਾ ਹੈ ਉਹ ਸਭ ਸਹਿਜ ਸਮਾਪਤ ਹੋ ਜਾਏਗਾ।

ਅੱਛਾ ਸਭ ਖੁਸ਼ਰਾਜ਼ੀ ਹਨ ਹੀ ਜਾਂ ਪੁੱਛਣਾ ਪਵੇਗਾ? ਮਾਤਾਵਾਂ ਖੁਸ਼ ਹੋ? ਬਹੁਤ ਚੰਗਾ। ਦੇਖੋ, ਕਿੱਥੇ - ਕਿੱਥੇ ਤੋਂ ਮੇਲੇ ਵਿੱਚ ਪਹੁੰਚ ਗਏ ਹੋ । ਚੰਗਾ ਵਰਸਾ ਮਿਲਿਆ ਨਾ, ਨਹੀਂ ਤੇ ਡੇਟ ਦਾ ਇੰਤਜ਼ਾਰ ਕਰਦੇ ਰਹਿੰਦੇ ਹਨ - ਸਾਡਾ ਨੰਬਰ ਕਦੋਂ ਆਏਗਾ, ਸਾਡਾ ਨੰਬਰ ਕਦੋਂ ਆਏਗਾ? ਹੁਣ ਤਾਂ ਖੁਲਾ ਨਿਮੰਤਰਨ ਸੀ ਨਾ! ਸਭ ਠੀਕ ਚੰਗੀ ਤਰ੍ਹਾਂ ਨਾਲ ਰਹਿ ਰਹੇ ਹੋ? ਬੇਹੱਦ ਅਨੁਭਵ ਹੋ ਰਿਹਾ ਹੈ ਨਾ? ਕਿ ਥੋੜੀ - ਥੋੜੀ ਤਕਲੀਫ਼ ਹੈ? ਬਜ਼ੁਰਗ ਮਾਤਾਵਾਂ ਨੂੰ ਤਕਲੀਫ਼ ਨਹੀਂ ਹੋਈ ਹੈ? ਲਾਇਨ ਵਿੱਚ ਲੱਗੋ ਉਦੋਂ ਹੀ ਖਾਣਾ ਮਿਲੇਗਾ! ਲਾਇਨ ਵਿੱਚ ਲੱਗਣ ਨਾਲ ਥਕਾਵਟ ਨਹੀਂ ਹੁੰਦੀ? ਮਜ਼ਾ ਆਉਂਦਾ ਹੈ? ਇਨਾਂ ਵੱਡਾ ਪਰਿਵਾਰ ਕਦ ਮਿਲੇਗਾ! ਤਾਂ ਪਰਿਵਾਰ ਨੂੰ ਦੇਖਕੇ ਹਰਸ਼ਿਤ ਹੁੰਦੇ ਹੋ ਨਾ! ਭਗਤੀ ਮਾਰਗ ਦੇ ਮੇਲੇ ਤੋਂ ਤਾਂ ਚੰਗਾ ਮੇਲਾ ਹੈ ਨਾ? ਹੋਰ ਦੋ ਦਿਨ ਵਧਾ ਦੇ ਕਿ ਬਸ ਦਾ ਖ਼ਰਚਾ ਹੋਵੇਗਾ? ਘਰ ਨਹੀਂ ਯਾਦ ਆਏਗਾ? ਨੌਕਰੀ ਨਹੀਂ ਯਾਦ ਆਏਗੀ? ਇਹ ਵੀ ਕੁਝ ਨਵੀਨਤਾ ਹੋਣੀ ਚਾਹੀਦੀ ਹੈ ਨਾ ਤਾਂ ਇਹ ਮੇਲਾ ਵੀ ਇੱਕ ਨਵੀਨਤਾ ਹੋਈ। ਨਵੀਨਤਾ ਦਾ ਅਨੁਭਵ ਕਰ ਲਿਆ। ਹੁਣ ਫਿਰ ਪੁਰਾਣੀਆਂ ਗਲਾਂ ਥੋੜੀ ਹੀ ਹੋਣਗੀਆਂ, ਨਵੀਂ ਗੱਲ ਹੋਵੇਗੀ ਨਾ! ਨਵੀਂ ਗੱਲ ਪਸੰਦ ਆਉਂਦੀ ਹੈ ਜਾਂ ਪੁਰਾਣੀ? ਨਵੀਆਂ ਗੱਲਾਂ ਵਧੀਆ ਲਗਦੀਆਂ ਹਨ ਨਾ! ਅੱਛਾ!

ਚਾਰੋਂ ਪਾਸੇ ਦੇ ਸਰਵ ਰੂਹਾਨੀ ਪਿਉਰਿਟੀ ਵਾਲੇ ਵਿਸ਼ੇਸ਼ ਆਤਮਾਵਾਂ ਨੂੰ, ਸਦਾ ਆਦਿ ਤੋਂ ਅੰਤ ਤੱਕ ਪ੍ਰਸਨੈਲਿਟੀ ਦੀ ਝਲਕ ਦਿਖਾਉਣ ਵਾਲੀ ਸ਼੍ਰੇਸ਼ਠ ਆਤਮਾਵਾਂ, ਸਦਾ ਪਵਿੱਤਰਤਾ, ਸਤਿਯਤਾ ਦੀ ਸ਼ਕਤੀ ਨਾਲ ਖੁਦ ਨੂੰ ਅਤੇ ਵਿਸ਼ਵ ਨੂੰ ਪਰਿਵਰਤਨ ਕਰਨ ਵਾਲੇ ਵਿਸ਼ਵ ਪਰਿਵਰਤਕ ਆਤਮਾਵਾਂ, ਸਦਾ ਨਿਮਿਤ ਭਾਵ ਨਾਲ ਸੇਵਾਧਾਰੀ ਬਣ ਪ੍ਰਤੱਖਫ਼ਲ ਅਨੁਭਵ ਕਰਨ ਵਾਲੇ ਅਨੁਭਵੀ ਆਤਮਾਵਾਂ ਨੂੰ ਬਾਪਦਾਦਾ ਦਾ ਯਾਦ - ਪਿਆਰ ਅਤੇ ਨਮਸਤੇ।

ਦਾਦੀਆਂ ਨਾਲ :- ਚੰਗਾ ਰਿਹਾ ਮੇਲਾ? ਕੋਈ ਤਕਲੀਫ ਤਾਂ ਨਹੀਂ ਹੋਈ ਨਾ? ਸਭ ਦੇ ਸ਼ੁਭ ਸੰਕਲਪ ਅਤੇ ਉਮੰਗ - ਉਤਸਾਹ ਦੇ ਸੰਕਲਪ ਨਾਲ ਸਫਲਤਾ ਹੈ ਹੀ ਹੈ। ਇਹ ਸੰਗਠਨ ਦਾ ਸੰਕਲਪ ਅਜਿਹਾ ਹੁੰਦਾ ਹੈ ਜੋ ਅਸਫਲਤਾ ਨੂੰ ਮਿਟਾ ਦਿੰਦਾ ਹੈ। ਜਿਵੇਂ ਕਿਲਾ ਹੁੰਦਾ ਹੈ ਨਾ ਤਾਂ ਕਿਲਾ ਕਮਜੋਰ ਉਦੋਂ ਹੁੰਦਾ ਹੈ ਜਦੋਂ ਇੱਕ ਵੀ ਇੱਟ ਹਿਲਦੀ ਹੈ। ਅਤੇ ਸਭ ਇੱਟਾਂ ਮਜਬੂਤ ਹਨ ਤਾਂ ਕਿਲਾ ਕਦੇ ਹਿੱਲ ਨਹੀਂ ਸਕਦਾ। ਵਿਜੇ ਹੈ। ਤਾਂ ਇਹ ਵੀ ਸੰਗਠਨ ਨਾਲ ਉਮੰਗ - ਉਤਸਾਹ ਅਤੇ ਸ੍ਰੇਸ਼ਠ ਸੰਕਲਪ ਨਾਲ, ਸਹਿਯੋਗ ਨਾਲ ਸਫਲਤਾ ਹੋਈ ਪਈ ਹੈ। ਚੰਗਾ ਲੱਗਿਆ ਅਤੇ ਸਮੇਂ ਪ੍ਰਤੀ ਸਮੇਂ ਹੋਰ ਅਨੁਭਵ ਕਰਦੇ ਜਾਂਦੇ ਹੋ। ਪਹਿਲੇ ਕੁਵਸ਼ਚਨ ਉੱਠਦਾ ਸੀ ਹੋਵੇਗਾ? ਲੇਕਿਨ ਜੋ ਸੋਚੋ ਉਸ ਵਿੱਚ ਸਫਲਤਾ ਹੈ ਹੀ। ਤਾਂ ਸਫਲਤਾ ਮੂਰਤ ਦਾ ਵਰਦਾਨ ਸੰਗਠਨ ਦੀ ਸ਼ਕਤੀ ਨੂੰ ਮਿਲਦਾ ਹੈ। ਬਾਪਦਾਦਾ ਸਦਾ ਗੁੱਡਮੋਰਨਿੰਗ, ਗੁੱਡਨਾਈਟ ਕਰਦੇ ਹਨ। ਅੱਛਾ ਡਬਲ ਵਿਦੇਸ਼ ਉੱਡ ਰਿਹਾ ਹੈ। ਅੱਛਾ ਹੈ। ਓਮ ਸ਼ਾਂਤੀ।

ਵਰਦਾਨ:- ਸਵਰਾਜ ਅਧਿਕਾਰੀ ਬਣ ਕੇ ਕਰਮਇੰਦ੍ਰੀਆਂ ਨੂੰ ਆਰਡਰ ਪ੍ਰਮਾਣ ਚਲਾਉਣ ਵਾਲੇ ਅਕਾਲਤਖਤ ਸੋ ਦਿਲਤਖਤਨਸ਼ੀਨ ਭਵ।

ਮੈਂ ਅਕਾਲ ਤਖਤਨਸ਼ੀਨ ਆਤਮਾ ਹਾਂ ਮਤਲਬ ਸਵਰਾਜ ਅਧਿਕਾਰੀ ਰਾਜਾ ਹਾਂ। ਜਿਵੇਂ ਰਾਜਾ ਜਦੋਂ ਤਖ਼ਤ ਤੇ ਬੈਠਦਾ ਹੈ ਤਾਂ ਸਭ ਕਰਮਚਾਰੀ ਆਰਡਰ ਪ੍ਰਮਾਣ ਚੱਲਦੇ ਹਨ। ਇਵੇਂ ਤਖ਼ਤਨਸ਼ੀਨ ਬਣਨ ਨਾਲ ਇਹ ਕਰਮਿੰਦਰੀਆਂ ਆਪੇ ਆਰਡਰ ਤੇ ਚਲਦੀਆਂ ਹਨ। ਜੋ ਅਕਾਲਤਖ਼ਤ ਤੇ ਰਹਿੰਦੇ ਹਨ ਉਨ੍ਹਾਂ ਦੇ ਲਈ ਬਾਪ ਦਾ ਦਿਲਤਖ਼ਤ ਹੈ ਹੀ ਕਿਉਂਕਿ ਆਤਮਾ ਸਮਝਣ ਨਾਲ ਬਾਪ ਹੀ ਯਾਦ ਆਉਂਦਾ ਹੈ, ਫਿਰ ਨਾ ਦੇਹ ਹੈ, ਨਾ ਦੇਹ ਦੇ ਸੰਬੰਧ ਹਨ, ਨਾ ਪਦਾਰਥ ਹਨ, ਇੱਕ ਬਾਪ ਹੀ ਸੰਸਾਰ ਹੈ ਇਸਲਈ ਅਕਾਲਤਖਤ ਨਹੀਂ ਬਾਪ ਦੇ ਦਿਲ ਤਖ਼ਤਨਸ਼ੀਨ ਖੁਦ ਬਣਦੇ ਹਨ।

ਸਲੋਗਨ:- ਨਿਰਣੈ ਕਰਨ, ਪਰਖਣ ਅਤੇ ਗ੍ਰਹਿਣ ਕਰਨ ਦੀ ਸ਼ਕਤੀ ਨੂੰ ਧਾਰਨ ਕਰਨਾ ਹੀ ਹੋਲੀਹੰਸ ਬਣਨਾ ਹੈ।

******